Series **FH1EG/C**

**Set-4**

Q.P. Code **4**

Roll No.

Candidates must write the Q.P. Code on the title page of the answer-book.

# ਪੰਜਾਬੀ

# PUNJABI

*ਸਮਾਂ ਸੀਮਾ : **3** ਘੰਟੇ* | *ਪੂਰਨ ਅੰਕ : **80***

*Time allowed : **3** hours* | *Maximum Marks : **80***

- ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ ਛਪੇ ਹੋਏ **7** ਪੰਨੇ ਹਨ ।
- ਪ੍ਰਸ਼ਨ ਪੱਤਰ ਵਿਚ ਸੱਜੇ ਹੱਥ ਦੇ ਵੱਲ ਦਿੱਤੇ ਗਏ ਪ੍ਰਸ਼ਨ ਪੱਤਰ ਕੋਡ ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਪਰ ਲਿਖਣ ।
- ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **12** ਪ੍ਰਸ਼ਨ ਹਨ ।
- **ਕਿਰਪਾ ਕਰਕੇ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉੱਤਰ ਪੁਸਤਿਕਾ ਵਿੱਚ ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤੱਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇਂ ਵਿੱਚ ਉਹ ਉੱਤਰ ਪੁਸਤਿਕਾ ਵਿੱਚ ਕੋਈ ਉੱਤਰ ਨਹੀਂ ਲਿਖਣਗੇ ।
- Please check that this question paper contains **7** printed pages.
- Q.P. Code given on the right hand side of the question paper should be written on the title page of the answer-book by the candidate.
- Please check that this question paper contains **12** questions.
- **Please write down the serial number of the question in the answer-book before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

*

*ਨੋਟ: ਲਿਖਾਈ ਸ਼ੁਧ, ਸੁੰਦਰ ਅਤੇ ਖੁੱਲ੍ਹੀ-ਖੁੱਲ੍ਹੀ ਕਰਨ ਦਾ ਜਤਨ ਕਰੋ ।*

***ਆਮ ਨਿਰਦੇਸ਼:***

*ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ ।*

*ਇਸ ਪ੍ਰਸ਼ਨ ਪੱਤਰ ਵਿੱਚ ਕੁੱਲ ਬਾਰ੍ਹਾਂ (12) ਪ੍ਰਸ਼ਨ ਹਨ । ਉਹਨਾਂ ਨੂੰ ਦਿੱਤੀਆਂ ਹਦਾਇਤਾਂ ਅਤੇ ਚੋਣ ਅਨੁਸਾਰ ਹੱਲ ਕੀਤਾ ਜਾਵੇ ।*

***General Instructions :***

*Read the following instructions carefully and follow them.*

*This question paper contains twelve (12) questions. Attempt questions based on the specific instructions and choices given in the question itself.*

## ਅਡਵਾਂਸ ਪੜ੍ਹਨ ਕੌਸ਼ਲ

**1.** ਹੇਠ ਦਿੱਤੇ ਗਏ ਕਿਸੇ ***ਇੱਕ*** (any ***one***) ਪੈਰੇ ਨੂੰ ਸੰਖੇਪ ਕਰਕੇ ਲਿਖੋ ਅਤੇ ਉਸ ਦਾ ਸਿਰਲੇਖ ਵੀ ਲਿਖੋ : *7+1=8*

ਪੰਜਾਬੀ ਬਾਲ ਸਾਹਿਤ ਦੀ ਇਤਿਹਾਸਕ ਪਰੰਪਰਾ ਨੂੰ ਫੋਲਿਆ ਜਾਵੇ ਤਾਂ ਅਸੀਂ ਦੇਖਦੇ ਹਾਂ ਕਿ ਭਾਰਤ ਦੀਆਂ ਦੂਜੀਆਂ ਭਾਸ਼ਾਵਾਂ ਦੇ ਬਾਲ ਸਾਹਿਤ ਵਾਂਗ ਪੰਜਾਬੀ ਬਾਲ ਸਾਹਿਤ ਵੀ ਪੱਛਮੀ ਬਾਲ ਸਾਹਿਤ ਤੋਂ ਪ੍ਰਭਾਵਿਤ ਹੈ । ਲੇਖਕ ਦੇ ਮਨ ਦੇ ਵਲਵਲੇ, ਜਜ਼ਬਾਤ ਅਤੇ ਘਟਨਾਵਾਂ ਜਦੋਂ ਲਿਖਤੀ ਰੂਪ ਵਿਚ ਪ੍ਰਗਟ ਹੋਣ ਲਗ ਪਏ ਤਾਂ ਉਹ ਸਾਹਿਤ ਦੀ ਕਿਸੇ ਨਾਂ ਕਿਸੇ ਵੰਨਗੀ ਦਾ ਹਿੱਸਾ ਬਣ ਕੇ ਆਪੋ ਆਪਣੀ ਸ਼ਨਾਖਤ ਸਥਾਪਤ ਕਰਨ ਲਗੇ । ਨਤੀਜੇ ਵਜੋਂ ਅੱਜ ਪੰਜਾਬੀ ਬਾਲ ਸਾਹਿਤ ਇਕ ਵੱਖਰੇ ਖੇਤਰ ਵਜੋਂ ਸਥਾਪਤ ਹੁੰਦਾ ਜਾ ਰਿਹਾ ਹੈ । ਪੰਜਾਬੀ ਬਾਲ ਦੀ ਪਹਿਲੀ ਮੌਖਿਕ ਸਾਹਿਤਕ ਸਾਂਝ ਮਾਂ ਦੇ ਮੂੰਹੋ ਨਿਕਲੀਆਂ ਸ਼ਹਿਦ ਵਰਗੀਆਂ ਮਿੱਠੀਆਂ ਰਸ ਭਰੀਆਂ ਲੋਰੀਆਂ ਨਾਲ ਪੈਂਦੀ ਹੈ । ਰਾਤ ਸਮੇਂ ਮਾਂ ਪਿਓ, ਦਾਦਾ-ਦਾਦੀ, ਨਾਨਾ-ਨਾਨੀ, ਭੈਣ-ਭਰਾ ਜਾਂ ਵਡੇਰੀ ਉਮਰ ਦੇ ਹੋਰ ਸਕੇ-ਸੰਬੰਧੀਆਂ ਵਲੋਂ ਬਾਲਾਂ ਨੂੰ ਸੁਣਾਇਆਂ ਜਾਣ ਵਾਲੀਆਂ ਲੋਕ-ਕਹਾਣੀਆਂ ਨਾਲ ਬਾਲ ਸਾਹਿਤ ਦੀ ਮੌਖਿਕ ਪਰੰਪਰਾ ਨੂੰ ਬਲ ਮਿਲਿਆ । ਬੱਚੇ ਦੀ ਮਾਨਸਿਕ ਖੁਸ਼ੀ ਵਧਾਉਣ ਲਈ ਤੇ ਉਤਸੁਕਤਾ ਪੈਦਾ ਕਰਨ ਲਈ ਅਨੇਕ ਛੋਟੇ-ਛੋਟੇ ਮੌਖਿਕ, ਕਾਵਿਕ ਅਤੇ ਗਲਪੀ ਨਮੂਨਿਆਂ ਨੇ ਬਾਲ ਸਾਹਿਤ ਲਈ ਆਧਾਰ ਤਿਆਰ ਕਰ ਦਿਤਾ । ਭਾਰਤ ਵਿਚ ਬਾਲ ਸਾਹਿਤ ਦੀ ਆਰੰਭਕ ਅਵਸਥਾ ਦੇ ਬੀਜ 'ਪੰਚ ਤੰਤਰ, ਹਿਤੋਪਦੇਸ਼, ਸਿੰਘਾਸਨ ਬਤੀਸੀ, ਵਿਕਰਮ ਅਤੇ ਬੇਤਾਲ, ਰਾਮਾਇਣ, ਮਹਾਂਭਾਰਤ, ਬਾਈਬਲ, ਸ਼ੇਖ ਸਾਅਦੀ ਦੀਆਂ ਹਦਾਇਤਾਂ ਅਕਬਰ-ਬੀਰਬਲ ਜਾਂ ਸ਼ੇਖ ਚਿੱਲੀ ਦੇ ਹਸੌਣੇ ਬਿਰਤਾਂਤ ਦੇ ਰੂਪ ਵਿਚ ਮਿਲਦੇ ਹਨ ।'

**ਜਾਂ (OR)**

ਮਹਾਨ ਕੂਟਨੀਤੀਵਾਨ ਚਾਣਕਯ ਦਾ ਕਥਨ ਹੈ ਕਿ "ਜੋ ਮਨੁੱਖ ਆਪਣਾ ਭਲਾ ਤੇ ਕਲਿਆਣ ਚਾਹੁੰਦਾ ਹੈ ਉਸ ਨੂੰ ਆਪਣੀ ਜ਼ਰੂਰਤ ਤੋਂ ਵੱਧ ਬਚਿਆ ਅੰਨ, ਕੱਪੜੇ ਜਾਂ ਧਨ ਸੰਭਾਲਣ ਦੀ ਥਾਂ ਦਾਨ ਕਰਨੇ ਚਾਹੀਦੇ ਹਨ ਕਿਉਂਕਿ ਗਰੀਬਾਂ ਦੀ ਸੇਵਾ ਤੇ ਦਾਨ ਕਾਰਣ ਹੀ 'ਰਾਜਾ ਕਰਣ' ਅਤੇ ਮਹਾਰਾਜਾ ਵਿਕਰਮਾਦਿਤਯ ਦਾ ਨਾਂ ਅੱਜ ਵੀ ਕਾਇਮ ਹੈ । ਨਹੀਂ ਤਾਂ ਸ਼ਹਿਦ ਦੀਆਂ ਮੱਖੀਆਂ ਵਾਂਗ ਜੋ ਆਪਣੇ ਪੈਰ ਰਗੜਦੀਆਂ, ਬਿਨਾਂ ਖਾਧੇ ਪੀਤੇ ਛੱਤਿਆਂ ਵਿੱਚ ਸ਼ਹਿਦ ਇਕੱਠਾ ਕਰਦੀਆਂ ਹਨ ਤੇ ਇਕਪਲ ਵਿੱਚ ਦੂਜਾ ਆ ਕੇ ਲੈ ਜਾਂਦਾ ਹੈ ਉਨ੍ਹਾਂ ਦਾ ਬਚਾਇਆ ਹੋਇਆ ਅੰਨ ਧਨ ਦੂਜੇ ਖੋਹ ਕੇ ਲੈ ਜਾਣਗੇ" ਇਹ ਕਥਨ ਸੌ ਫੀਸਦੀ ਸੱਚ ਹਨ ਅਤੇ ਅਜੋਕੀਆਂ ਹਾਲਤਾਂ ਵਿਚ ਇਨ੍ਹਾਂ ਦੀ ਪ੍ਰਾਸੰਗਿਕਤਾ ਹੋਰ ਵੀ ਵੱਧ ਜਾਂਦੀ ਹੈ । ਅੱਜ ਦੇ ਵਿਸ਼ਵੀਕਰਨ, ਗਲੋਬਲੀਕਰਨ ਦੇ ਯੁੱਗ ਵਿੱਚ ਪਦਾਰਥਾਂ ਦੀ ਹੋੜ ਵਿੱਚ ਅੰਨ੍ਹੇ ਹੋ ਚੁਕੇ ਵਿਅਕਤੀ ਹਰ ਤਰ੍ਹਾਂ ਦੇ ਨੈਤਿਕ ਨਿਯਮਾਂ ਨੂੰ ਉਲੰਘ ਰਹੇ ਹਨ । ਇਸ ਲਈ ਨਿਜੀ ਹਿੱਤਾਂ ਦੀ ਪੂਰਤੀ ਵਾਸਤੇ ਹਰ ਵਿਅਕਤੀ ਦੂਸਰੇ ਦਾ ਹੱਕ ਜਾਇਜ਼-ਨਾਜਾਇਜ਼ ਢੰਗ ਅਪਣਾ ਕੇ ਖੋਹਣਾ ਚਾਹੁੰਦਾ ਹੈ । ਅਜਿਹਾ ਕਰਦੇ ਸਮੇਂ ਉਹ ਕੋਈ ਵੀ ਤਰੀਕਾ ਅਪਣਾਉਂਦਾ ਹੈ । ਇਸ ਤਰ੍ਹਾਂ ਸਮਾਜ ਵਿੱਚ ਆਰਥਿਕ ਨਾ ਬਰਾਬਰ ਉਤਪੰਨ ਹੁੰਦੀ ਹੈ । ਸਮਾਜ ਨੂੰ ਸਮਾਨ ਅਤੇ ਸਹਿਜ ਰਖਣ ਲਈ ਜ਼ਰੂਰੀ ਹੈ ਕਿ ਇਸ ਵਿੱਚ ਹਰੇਕ ਵਿਅਕਤੀ ਨੂੰ ਉਸ ਦੀਆਂ ਲੋੜਾਂ ਦੇ ਅਨੁਸਾਰ ਪਦਾਰਥ ਮਿਲਣ ।

ਪ੍ਰਭਾਵਸ਼ਾਲੀ ਲਿਖਣ-ਕੌਸ਼ਲ

**2.** ਤੁਹਾਡੇ ਸਕੂਲ ਦੀ ਲਾਇਬ੍ਰੇਰੀ ਲਈ ਸਰਕਾਰ ਵਲੋਂ ਗ੍ਰਾਂਟ ਆਈ ਹੈ । ਸਕੂਲੀ ਬਚਿਆਂ ਦੀ ਲੋੜ ਅਨੁਸਾਰ ਕਿਤਾਬਾਂ ਮੰਗਵਾਉਣ ਲਈ ਨਿਊ ਬੁਕ ਕੰਪਨੀ, ਜਲੰਧਰ ਦੇ ਨਾਂ ਪੱਤਰ ਲਿਖੋ । *8*

**ਜਾਂ (OR)**

ਤੁਸੀਂ ਇਨਕਮ ਟੈਕਸ ਰਿਟਰਨ ਭਰਨੀ ਹੈ, ਇਸ ਲਈ ਤੁਹਾਨੂੰ ਆਪਣੇ ਬੈਂਕ ਤੋਂ ਪਿਛਲੇ ਵਿੱਤ ਵਰ੍ਹੇ ਦਾ ਵੇਰਵਾ ਚਾਹੀਦਾ ਹੈ । ਆਪਣੇ ਬੈਂਕ ਪ੍ਰਬੰਧਕ ਨੂੰ ਇਸ ਲਈ ਬੇਨਤੀ ਪੱਤਰ ਲਿਖੋ ।

**3.** ਕਿਸੇ ***ਇੱਕ*** (any ***one***) ਵਿਸ਼ੇ 'ਤੇ 125 – 150 ਸ਼ਬਦਾਂ ਵਿਚ ਪੈਰਾ ਰਚਨਾ ਕਰੋ : *10*

ਰਾਸ਼ਟਰੀ ਝੰਡਾ – ਤਿਰੰਗਾ

**ਜਾਂ (OR)**

ਤੰਦਰੁਸਤੀ

ਵਿਹਾਰਕ ਵਿਆਕਰਣ

**4.** ਹੇਠ ਲਿਖੇ ਵਾਕਾਂ ਵਿੱਚੋਂ ਕਿਸੇ ***ਚਾਰ*** (any ***four***) ਵਾਕਾਂ ਦਾ ਬ੍ਰੈਕਟ ਵਿਚ ਦਿਤੇ ਗਏ ਨਿਰਦੇਸ਼ਾਂ ਅਨੁਸਾਰ ਵਾਕ-ਵਟਾਂਦਰਾਂ ਕਰੋ : *4×1=4*

(i) ਮੀਨੂੰ ਆਪਣੇ ਪਹਿਲੇ ਦਰਜੇ ਤੇ ਆਉਣ ਬਾਰੇ ਪਹਿਲਾਂ ਹੀ ਜਾਣਦੀ ਸੀ । (ਮਿਸ਼ਰਤ ਵਾਕ ਬਣਾਓ)

(ii) ਚੰਗੀ ਖੁਰਾਕ ਖਾਓ ਅਤੇ ਤੰਦਰੁਸਤ ਰਹੋ । (ਸਧਾਰਣ ਵਾਕ)

(iii) ਪਰਹੇਜ਼ ਨਹੀਂ ਕਰੋਗੇ ਤਾਂ ਬੀਮਾਰੀ ਵੱਧੇਗੀ । (ਹਾਂ ਵਾਚਕ)

(iv) ਉਹ ਜੂਆਂ ਖੇਡਣ ਕਰਕੇ ਕੰਗਾਲ ਹੋ ਗਿਆ । (ਸੰਜੁਕਤ ਵਾਕ)

(v) ਭੋਜਨ ਪਰੋਸ ਦਿਓ । (ਕਰਮਣੀ ਵਾਕ)

ਅਖਾਣ/ਅਖਾਉਤਾਂ

**5.** ਹੇਠ ਦਿੱਤੇ ਅਖਾਣਾਂ ਵਿਚੋਂ ਕਿਸੇ ***ਪੰਜ*** (any ***five***) ਨੂੰ ਇਸ ਤਰਾਂ ਵਾਕਾਂ ਵਿਚ ਵਰਤੋਂ ਕਿ ਉਹਨਾਂ ਦੀ ਸਥਿਤੀ ਸਪਸ਼ਟ ਹੋ ਜਾਏ : *5×2=10*

(i) ਆਪੇ ਫਾਥੜੀਏ ਤੈਨੂੰ ਕੌਣ ਛੁਡਾਏ

(ii) ਆਰੀ ਨੂੰ ਇੱਕ ਪਾਸੇ ਦੰਦੇ ਜਹਾਨ ਨੂੰ ਦੋਹੀਂ ਪਾਸੀ

(iii) ਸਾਰਾ ਜਾਂਦਾ ਵੇਖੀਏ ਅੱਧਾ ਦੇਈਏ ਵੰਡ

(iv) ਘੜੇ ਨੂੰ ਹੱਥ ਲਾਇਆ ਸਾਰਾ ਟੱਬਰ ਤਿਹਾਇਆ

(v) ਪਾਣੀ ਵਿੱਚ ਸੋਟਾ ਮਾਰਿਆਂ ਪਾਣੀ ਦੋ ਨਹੀਂ ਹੋ ਜਾਂਦੇ

(vi) ਰਾਣੀ ਆਪਣੇ ਪੈਰ ਧੋਂਦੀ ਗੋਲੀ ਨਹੀਂ ਕਹਾਉਂਦੀ

ਸਾਹਿਤ (ਪਾਠ-ਪੁਸਤਕ ਆਧਾਰਿਤ ਪ੍ਰਸ਼ਨ) ਕਵਿਤਾਵਾਂ ਵਿੱਚੋਂ

**6.** ਹੇਠ ਦਿਤੀਆਂ ਗਈਆਂ ਕਾਵਿ-ਟੁਕੜੀਆਂ ਵਿੱਚੋਂ ਕਿਸੇ ***ਇੱਕ*** (any ***one***) ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : *3+5=8*

ਸੁੱਤੇ ਪਾਣੀਆਂ ਦੇ ਵਿੱਚ ਸੁੱਤਾ,
ਤਾਜ ਮਹੱਲ ਦਾ ਸਾਇਆ,
ਜਾਣੋਂ ਜਮਨਾ ਹਰਨ ਵਾਸਤੇ
ਬੁੱਕਲ ਵਿਚ ਲੁਕਾਇਆ
ਐਪਰ ਦੂਰ ਸਾਗਰਾਂ ਵੰਨੀਂ,
ਨੱਸਣ ਜਦੋਂ ਉਹ ਲੱਗੀ,
ਨੀਂਦ-ਟੂਣਿਆਂ ਦੇ ਜੰਤਰ ਵਿੱਚ
ਟੋਰ ਓਸ ਦੀ ਬੁੱਝੀ ।

**ਜਾਂ (OR)**

ਜਿੱਥੇ ਵੱਜਦੀ ਸੀ ਫੂਕ ਪਿਆਰ ਦੀ ਵੇ ਉਹ ਵੰਝਲੀ ਗਈ ਗੁਆਚ
ਰਾਂਝੇ ਦੇ ਸਭ ਵੀਰ ਅੱਜ ਭੁੱਲ ਗਏ ਉਸਦੀ ਜਾਚ
ਧਰਤੀ 'ਤੇ ਲਹੂ ਵੱਸਿਆ ਕਬਰਾਂ ਪਈਆਂ ਚੋਣ
ਪ੍ਰੀਤ ਦੀਆਂ ਸ਼ਾਹਜਾਦੀਆਂ ਅੱਜ ਵਿੱਚ ਮਜ਼ਾਰਾਂ ਰੋਣ

**7.** ਹੇਠ ਦਿੱਤੇ ਬਹੁਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ : *4×1=4*

(i) 'ਸੁਹਲ ਪਤਲੀਆਂ ਚੰਨ ਦੀਆਂ ਰਿਸ਼ਮਾਂ' ਤੁੱਕ ਵਿਚ 'ਸੁਹਲ' ਸ਼ਬਦ ਦੇ ਕੀ ਅਰਥ ਹਨ ?

(ੳ) ਸਖ਼ਤ　　(ਅ) ਸੁੱਕਾ
(ੲ) ਕੋਮਲ　　(ਸ) ਚਮਕੀਲੇ

(ii) 'ਮੇਰਾ ਬਚਪਨ' ਨਾਂ ਦੀ ਕਵਿਤਾ ਦਾ ਕਵੀ ਕੌਣ ਹੈ ?

(ੳ) ਸੁਰਜੀਤ ਪਾਤਰ　　(ਅ) ਸ਼ਿਵ ਕੁਮਾਰ
(ੲ) ਹਰਿਭਜਨ ਸਿੰਘ　　(ਸ) ਨੰਦ ਲਾਲ

(iii) ਸ਼ਿਵ ਕੁਮਾਰ ਬਟਾਲਵੀ ਦਾ 'ਗੀਤ' ਕਿਸ ਨੂੰ ਸੰਬੋਧਿਤ ਹੈ ?

(ੳ) ਪ੍ਰੇਮਿਕਾ ਨੂੰ　　(ਅ) ਦੁਕਾਨਦਾਰ ਨੂੰ
(ੲ) ਭੱਠੀ ਵਾਲੀ ਨੂੰ　　(ਸ) ਗੁਆਂਢਣ ਨੂੰ

(iv) 'ਇਕ ਰੋਈ ਸੀ ਧੀ ਪੰਜਾਬ ਦੀ' ਇਸ ਤੁਕ ਵਿਚ ਧੀ ਕਿਸ ਲਈ ਆਖਿਆ ਹੈ ?

(ੳ) ਹੀਰ　　(ਅ) ਸਾਹਿਬਾਂ
(ੲ) ਸੋਹਣੀ　　(ਸ) ਸੱਸੀ

ਕਹਾਣੀਆਂ ਵਿੱਚੋਂ

**8.** 'ਮਾੜਾ ਬੰਦਾ' ਕਹਾਣੀ ਦਾ ਵਿਸ਼ਾ-ਵਸਤੂ 125 – 150 ਸ਼ਬਦਾਂ ਵਿਚ ਸਪਸ਼ਟ ਕਰੋ । *6*

**ਜਾਂ (OR)**

'ਨੀਲੀ' ਕਹਾਣੀ ਦਾ ਆਲੋਚਨਾਤਮਕ ਸਾਰ 125 – 150 ਸ਼ਬਦਾਂ ਵਿਚ ਲਿਖੋ ।

**9.** ਹੇਠ ਲਿਖੇ ਬਹੁਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ : *4×1=4*

(i) ਪ੍ਰੋਫੈਸਰ ਨੂੰ ਸਾਈਕਲ ਚਲਾਉਂਦਿਆ ਬਚਪਨ ਵਿਚ ਪੜ੍ਹੀ ਕਿਸ ਭਾਸ਼ਾ ਦੀ ਕਵਿਤਾ ਯਾਦ ਆਈ ?

(ੳ) ਉਰਦੂ (ਅ) ਹਿੰਦੀ

(ੲ) ਅੰਗ੍ਰੇਜ਼ੀ (ਸ) ਪੰਜਾਬੀ

(ii) ਨੀਲੀ ਨੇ ਖਾਣਾ ਪੀਣਾ ਅਤੇ ਦੁੱਧ ਦੇਣਾ ਕਿਉਂ ਛੱਡਿਆ ਸੀ ?

(ੳ) ਉਸ ਦੀ ਵੱਛੀ ਗੁਆਚ ਗਈ ਸੀ (ਅ) ਵੱਛੀ ਬੀਮਾਰ ਹੋ ਗਈ ਸੀ

(ੲ) ਵੱਛੀ ਮਰ ਗਈ ਸੀ (ਸ) ਨੀਲੀ ਆਪ ਬੀਮਾਰ ਸੀ

(iii) ਲੇਖਕ ਨੂੰ 'ਮਾੜਾ ਬੰਦਾ' ਕਹਾਣੀ ਦੇ ਪਾਤਰ ਰਿਕਸ਼ੇ ਵਾਲੇ ਦੀਆਂ ਭੁੱਖੀਆਂ-ਭੁੱਖੀਆ ਨਜ਼ਰਾਂ ਕਿਹੋ ਜਿਹੀਆਂ ਪ੍ਰਤੀਤ ਹੁੰਦੀਆਂ ਸਨ ?

(ੳ) ਕਮੀਨੀਆਂ ਜਿਹੀਆਂ (ਅ) ਉਦਾਸ ਜਿਹੀਆਂ

(ੲ) ਨਸ਼ੀਲੀਆਂ ਜਿਹੀਆਂ (ਸ) ਕਾਤਿਲਾਨਾ ਜਿਹੀਆਂ

(iv) 'ਆਨੰਦ ਕਾਰਜ' ਕਰਾਉਣ ਵਾਲਾ ਭਾਈ ਜੀਤੋ ਨੂੰ ਕੀ ਦੇ ਰਿਹਾ ਸੀ ?

(ੳ) ਦੁਪੱਟਾ (ਅ) ਸਗਨ

(ੲ) ਸਿੱਖਿਆ (ਸ) ਦੁਆਵਾਂ

**10.** ਹੇਠ ਦਿੱਤੇ ਪ੍ਰਸ਼ਨਾਂ ਵਿੱਚੋਂ ਕਿਸੇ ***ਤਿੰਨ*** (any ***three***) ਪ੍ਰਸ਼ਨਾਂ ਦੇ ਉੱਤਰ 25 – 50 ਸ਼ਬਦਾਂ ਵਿਚ ਲਿਖੋ : *3×2=6*

(i) ਜੀਤੋ ਦੇ ਭਰਾ ਦੀ ਉਦਾਸੀ ਦਾ ਕਾਰਣ ਬਿਆਨ ਕਰੋ ।

(ii) 'ਮਾੜਾ ਬੰਦਾ' ਕਹਾਣੀ ਦੇ ਸਿਰਲੇਖ ਬਾਰੇ ਚਰਚਾ ਕਰੋ ।

(iii) 'ਨੀਲੀ' ਕਹਾਣੀ ਵਿਚ ਗਵਾਲੇ ਦਾ ਰੋਲ (ਭੂਮਿਕਾ) ਕਿਹੋ ਜਿਹਾ ਹੈ ?

(iv) 'ਘਰ ਜਾਹ ਆਪਣੇ' ਕਹਾਣੀ ਦਾ ਕੇਂਦਰੀ ਉਦੇਸ਼ ਕੀ ਹੈ ?

ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ

**11.** ਹੇਠ ਲਿਖੇ ਬਹੁਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ : *4×1=4*

(i) 'ਜਰਗ ਦਾ ਮੇਲਾ' ਚੇਤਰ ਮਹੀਨੇ ਦੇ ਕਿਹੜੇ ਪਹਿਲੇ ਵਾਰ ਨੂੰ ਲਗਦਾ ਹੈ ?

(ੳ) ਮੰਗਲਵਾਰ (ਅ) ਐਤਵਾਰ

(ੲ) ਵੀਰਵਾਰ (ਸ) ਸ਼ਨੀਵਾਰ

(ii) ਪੱਛਮੀ ਪੰਜਾਬ ਵਿਚ ਕਿਹੜੇ ਮਹੀਨੇ ਦੀ ਪੂਰਨਮਾਸ਼ੀ ਨੂੰ ਨਨਕਾਣਾ ਸਾਹਿਬ ਵਿਚ ਮੇਲਾ ਲਗਦਾ ਸੀ ?

(ੳ) ਜੇਠ (ਅ) ਭਾਦੋਂ

(ੲ) ਕੱਤਕ (ਸ) ਫੱਗਣ

(iii) ਪੰਜਾਬ ਦੇ ਰਿਵਾਜ਼ ਅਨੁਸਾਰ ਵਿਆਹ ਵਾਲੇ ਘਰ ਸੱਤ ਜਾਂ ਨੌ ਦਿਨ ਪਹਿਲਾਂ ਕੜਾਹੀ ਚੜ੍ਹਾ ਕੇ ਮਾਂ ਗੁਲਗੁਲੇ ਬਣਾ ਕੇ ਕਿਥੇ ਦੇਣ ਲਈ ਜਾਂਦੀ ਹੈ ?

(ੳ) ਪੇਕੇ (ਅ) ਸਹੁਰੇ

(ੲ) ਆਪਣੇ ਨਾਨਕੇ (ਸ) ਗੁਰਦੁਆਰੇ

(iv) 'ਕਿਕੱਲੀ' ਅਸਲ ਵਿਚ ਕਿਹੜੇ ਲੋਕ-ਨਾਚ ਦੀ ਨਰਸਰੀ ਕਹੀ ਜਾਂਦੀ ਹੈ ?

(ੳ) ਗਿੱਧਾ (ਅ) ਲੁੱਡੀ

(ੲ) ਸੰਮੀ (ਸ) ਝੂੰਮਰ

**12.** ਹੇਠ ਦਿੱਤੇ ਪ੍ਰਸ਼ਨਾਂ ਵਿਚੋਂ ਕਿਸੇ ***ਦੋ*** (any ***two***) ਦੇ ਉੱਤਰ 70 – 80 ਸ਼ਬਦਾਂ ਵਿਚ ਲਿਖੋ : *2×4=8*

(i) ਇਸਤਰੀਆਂ ਦੇ ਲੋਕ ਨਾਚਾਂ ਦੀ ਸੰਖੇਪ ਜਾਣਕਾਰੀ ਦਿਉ ।

(ii) 'ਜਗਰਾਵਾਂ ਦੀ ਰੋਸ਼ਨੀ' ਮੇਲੇ ਬਾਰੇ ਵੇਰਵਾ ਦਿਉ ।

(iii) ਵਿਆਹ ਸਮੇਂ ਦੀ 'ਘੋੜੀ ਦੀ ਰੀਤ' ਬਾਰੇ ਲਿਖੋ ।